NHS England

NHS Leicestershire Partnership NHS Trust

**A university teaching and research-active Trust**
Bridge Park Plaza
Bridge Park Road
Thurmaston
Leicester
LE4 8PQ

www.leicspart.nhs.uk

ਅਪ੍ਰੈਲ 2021

ਪਿਆਰੇ ਨੌਜਵਾਨ ਵਿਅਕਤੀ ਅਤੇ ਮਾਤਾ/ਪਿਤਾ/ਦੇਖਭਾਲਕਰਤਾ,

**ਨੌਜਵਾਨਾਂ ਲਈ ਕਿਸ਼ੋਰ ਬੂਸਟਰ ਅਤੇ ਮੈਨਿਨਜਾਈਟਿਸ ਟੀਕਾ ਪ੍ਰੋਗਰਾਮ**

ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਦੇ ਹਿੱਸੇ ਵਜੋਂ, ਸਾਡੀ ਕਮਿਉਨਿਟੀ ਟੀਕਾਕਰਨ ਸੇਵਾ (Community Immunisation Service) ਸਕੂਲ ਦੇ ਸਾਲ 9 (13 ਤੋਂ 14 ਸਾਲ ਦੀ ਉਮਰ) ਦੇ ਸਾਰੇ ਬੱਚਿਆਂ ਨੂੰ 3-ਇਨ-1 ਕਿਸ਼ੋਰ ਬੂਸਟਰ ਅਤੇ ਮੈਨਿਨਜਾਈਟਿਸ ਟੀਕੇ ਪੇਸ਼ ਕਰ ਰਹੀ ਹੈ। ਇਹ ਰੁਟੀਨ ਟੀਕੇ ਟੈਟਨਸ, ਡਿਫਥੀਰੀਆ, ਪੋਲੀਓ (Td/IPV) ਤੋਂ ਨਿਰੰਤਰ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ ਅਤੇ ਮੈਨਿਨਜਾਈਟਿਸ ਦੀਆਂ ACW ਅਤੇ Y ਕਿਸਮਾਂ ਤੋਂ ਬਚਾਅ ਮੁਹੱਈਆ ਕਰਦੇ ਹਨ। ਇਸ ਉਮਰ ਵਿੱਚ ਟੀਕੇ ਪ੍ਰਾਪਤ ਕਰਨਾ ਮਹੱਤਵਪੂਰਨ ਹੈ ਕਿਉਂਕਿ ਇਹ ਕਿਸ਼ੋਰ ਉਮਰ ਅਤੇ ਇਸ ਤੋਂ ਬਾਅਦ ਦੇ ਸਾਲਾਂ ਦੌਰਾਨ ਸਭ ਤੋਂ ਵਧੀਆ ਸੁਰੱਖਿਆ ਮੁਹੱਈਆ ਕਰਦਾ ਹੈ।

ਹਾਂ, ਮੈਂ ਟੀਕਾਕਰਨ ਕਰਵਾਉਣਾ ਚਾਹੁੰਦਾ/ਚਾਹੁੰਦੀ ਹਾਂ

ਨਹੀਂ, ਮੈਂ ਟੀਕਾਕਰਨ ਨਹੀਂ ਕਰਵਾਉਣਾ ਚਾਹੁੰਦਾ/ਚਾਹੁੰਦੀ

**ਤੁਸੀਂ ਇੱਕ ਜਾਂ ਦੋਵੇਂ ਟੀਕਿਆਂ ਲਈ ਸਹਿਮਤੀ ਦੇ ਸਕਦੇ ਹੋ।**

**ਜੋ ਵੀ ਤੁਸੀਂ ਫੈਸਲਾ ਕਰਦੇ ਹੋ, ਤੁਹਾਨੂੰ ਸਾਨੂੰ ਜ਼ਰੂਰ ਦੱਸਣਾ ਚਾਹੀਦਾ ਹੈ।**

- ਆਨਲਾਈਨ ਇਸ ਵੈੱਬਸਾਈਟ 'ਤੇ ਜਾ ਕੇ ਇੱਕ ਸਹਿਮਤੀ ਫਾਰਮ ਭਰੋ: **https://www.leicsandrutlandimms.co.uk/**
- ਡਿਫਥੀਰੀਆ, ਟੈਟਨਸ ਅਤੇ ਪੋਲੀਓ (Td/IPV), ਮੈਨਿੰਗੋਕੋਕਲ ACWY (ਸਿਰਫ ਸਾਲ 9) ਨੂੰ ਚੁਣੋ
- ਤੁਹਾਨੂੰ ਆਪਣੇ ਸਕੂਲ ਲਈ ਕੋਡ ਦੀ ਲੋੜ ਹੋਵੇਗੀ।
- **Fullhurst Community College** ਲਈ ਸਕੂਲ ਕੋਡ **LE120298** ਹੈ
- ਫਾਰਮ ਜਮ੍ਹਾ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ।

*ਜਾਂ ਤੁਸੀਂ ਸਿੱਧਾ ਸਾਡੇ ਸਹਿਮਤੀ ਫਾਰਮ 'ਤੇ ਜਾਣ ਲਈ ਆਪਣੇ ਸਮਾਰਟਫੋਨ ਕੈਮਰੇ ਦੀ ਵਰਤੋਂ ਕਰਕੇ ਇਸ QR ਕੋਡ ਨੂੰ ਸਕੈਨ ਕਰ ਸਕਦੇ ਹੋ*

***ਮੁੱਖ ਸੁਝਾਅ:*** ਇਹ ਪੱਕਾ ਕਰੋ ਕਿ ਈਮੇਲ ਪਤੇ ਮੇਲ ਖਾਂਦੇ ਹਨ ਅਤੇ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਕੋਈ ਖਾਲੀ ਥਾਂ ਜਾਂ ਵਿਸ਼ਰਾਮ ਚਿੰਨ੍ਹ ਨਹੀਂ ਹਨ।

ਜਿਵੇਂ ਹੀ ਤੁਹਾਨੂੰ ਇਹ ਪੱਤਰ ਮਿਲਦਾ ਹੈ ਤੁਹਾਨੂੰ ਸਹਿਮਤੀ ਫਾਰਮ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ।

ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ।

ਸੈਸ਼ਨ ਤੋਂ ਇੱਕ ਦਿਨ ਪਹਿਲਾਂ ਅਸੀਂ ਅਸਥਾਈ ਤੌਰ 'ਤੇ ਸਿਸਟਮ ਨੂੰ ਬੰਦ ਕਰ ਸਕਦੇ ਹਾਂ ਤਾਂ ਜੋ ਅਸੀਂ ਤਿਆਰੀ ਕਰ ਸਕੀਏ। ਸੈਸ਼ਨ ਤੋਂ ਜਲਦ ਬਾਅਦ ਸਿਸਟਮ ਨੂੰ ਦੁਬਾਰਾ ਖੋਲ੍ਹ ਦਿੱਤਾ ਜਾਵੇਗਾ।

ਜੇ ਤੁਸੀਂ ਇਸ ਨੂੰ ਆਨਲਾਈਨ ਪੂਰਾ ਨਹੀਂ ਕਰ ਸਕਦੇ ਹੋ, ਤਾਂ ਸਹਾਇਤਾ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ ਸਾਨੂੰ 0300 300 0007 'ਤੇ ਫੋਨ ਕਰੋ। ਸਾਡੀ ਟੀਮ ਵਿਚੋਂ ਕਿਸੇ ਨੂੰ ਫਾਰਮ ਨੂੰ ਪੂਰਾ ਕਰਨ ਲਈ ਤੁਹਾਨੂੰ ਵਾਪਸ ਕਾਲ ਕਰਨ ਦੀ ਲੋੜ ਹੋ ਸਕਦੀ ਹੈ।

ਟੀਕੇ ਬਾਂਹ ਦੇ ਉਪਰਲੇ ਹਿੱਸੇ ਵਿੱਚ ਦੋ ਵੱਖ-ਵੱਖ ਟੀਕਿਆਂ ਵਜੋਂ ਦਿੱਤੇ ਜਾਂਦੇ ਹਨ। ਕਿਸ਼ੋਰ ਬੂਸਟਰ ਅਤੇ ਮੈਨਿਨਜਾਈਟਿਸ ਟੀਕਾਕਰਨ ਪ੍ਰੋਗਰਾਮ ਵਿੱਚ ਵਰਤੇ ਜਾਂਦੇ ਟੀਕਿਆਂ **ਵਿੱਚ ਜੈਲੇਟਾਈਨ ਜਾਂ ਅਲਕੋਹਲ ਨਹੀਂ ਹੁੰਦਾ।**

ਕਿਸ਼ੋਰ ਬੂਸਟਰ ਅਤੇ ਮੈਨਿਨਜਾਈਟਿਸ ਟੀਕਾਕਰਨ ਬਾਰੇ ਮਰੀਜ਼ ਲਈ ਜਾਣਕਾਰੀ ਪਰਚੇ ਪੜ੍ਹਨ ਲਈ, ਇਸ ਵੈੱਬਸਾਈਟ 'ਤੇ ਜਾਓ: www.tiny.cc/boosterleaflet ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਬਾਰੇ ਜਾਣਕਾਰੀ ਲਈ, ਦੇਖੋ: www.nhs.uk/conditions/vaccinations

ਨੌਜਵਾਨਾਂ ਨੂੰ ਇਹਨਾਂ ਟੀਕਿਆਂ ਅਤੇ ਸਿਹਤ ਸੰਬੰਧੀ ਹੋਰ ਮੁੱਦਿਆਂ ਬਾਰੇ ਵਧੇਰੇ ਜਾਣਕਾਰੀ ਇਸ ਵੈੱਬਸਾਈਟ 'ਤੇ ਮਿਲ ਸਕਦੀ ਹੈ: www.healthforteens.co.uk/health/immunisation

ਟੀਮ ਸਕੂਲਾਂ ਵਿੱਚ ਟੀਕਾਕਰਨ ਦੀ ਪੇਸ਼ਕਸ਼ ਕਰਦੀ ਹੈ। ਅਸੀਂ ਸਾਰੇ ਸਕੂਲਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਸੁਰੱਖਿਅਤ ਤਰੀਕੇ ਨਾਲ ਟੀਕਾ ਲਗਾਉਣ ਲਈ ਸਾਰੇ ਉਚਿਤ ਕੋਵਿਡ ਸੁਰੱਖਿਆ ਉਪਾਅ ਲਾਗੂ ਹਨ।

ਜੇ ਕੋਈ ਪਰਿਵਾਰ ਦਾ ਮੈਂਬਰ ਜਿਸਦੇ ਨਾਲ ਤੁਸੀਂ ਰਹਿੰਦੇ ਹੋ, ਆਪਣੇ ਆਪ ਨੂੰ ਅਲੱਗ ਰੱਖ ਰਿਹਾ ਹੈ ਜਾਂ ਜੇ ਤੁਸੀਂ ਸੈਸ਼ਨ ਵਾਲੇ ਦਿਨ ਹੇਠਾਂ ਦਿੱਤਿਆਂ ਵਿੱਚੋਂ ਕਿਸੇ ਲੱਛਣ ਦਾ ਅਨੁਭਵ ਕਰ ਰਹੇ ਹੋ ਤਾਂ ਕਿਰਪਾ ਕਰਕੇ ਇਸ ਵਿੱਚ **ਸ਼ਾਮਲ ਨਾ ਹੋਵੋ।**

- **ਉੱਚ ਤਾਪ – ਤੁਸੀਂ ਆਪਣੀ ਛਾਤੀ ਜਾਂ ਪਿੱਠ ਨੂੰ ਛੂਹਣ 'ਤੇ ਗਰਮ ਮਹਿਸੂਸ ਕਰਦੇ ਹੋ**
- **ਨਵੀਂ ਨਿਰੰਤਰ ਖੰਘ – ਇਸਦਾ ਅਰਥ ਹੈ ਕਿ ਤੁਸੀਂ ਬਾਰ-ਬਾਰ ਖੰਘਣਾ ਸ਼ੁਰੂ ਕਰ ਦਿੱਤਾ ਹੈ।**
- **ਤੁਹਾਡੇ ਸੁੰਘਣ ਜਾਂ ਸੁਆਦ ਦੀ ਸੰਵੇਦਨਾ ਚਲੀ ਜਾਣੀ ਜਾਂ ਬਦਲ ਜਾਣੀ – ਇਸਦਾ ਮਤਲਬ ਹੈ ਤੁਸੀਂ ਧਿਆਨ ਦਿੱਤਾ ਹੈ ਕਿ ਤੁਸੀਂ ਕਿਸੇ ਵੀ ਚੀਜ਼ ਦੀ ਗੰਧ ਜਾਂ ਸੁਆਦ ਮਹਿਸੂਸ ਨਹੀਂ ਕਰ ਸਕਦੇ ਹੋ, ਜਾਂ ਚੀਜ਼ਾਂ ਦਾ ਸੁਆਦ ਜਾਂ ਗੰਧ ਆਮ ਨਾਲੋਂ ਵੱਖਰੇ ਲੱਗਦੇ ਹਨ।**

ਜੇ ਤੁਸੀਂ ਉਸ ਦਿਨ ਗੈਰਹਾਜ਼ਰ ਰਹਿੰਦੇ ਹੋ, ਤਾਂ ਟੀਕਾਕਰਨ ਲਈ ਇੱਕ ਵਾਧੂ ਮੌਕਾ ਦਿੱਤਾ ਜਾਵੇਗਾ। ਕਿਰਪਾ ਕਰਕੇ ਨੋਟ ਕਰੋ ਕਿ ਇਹ ਟੀਕਾ ਤੁਹਾਡੇ ਜੀਪੀ ਦੁਆਰਾ ਨਿਯਮਿਤ ਤੌਰ 'ਤੇ ਪੇਸ਼ ਨਹੀਂ ਕੀਤਾ ਜਾਵੇਗਾ।

ਅਸੀਂ ਮੰਨਦੇ ਹਾਂ ਕਿ ਜੇ ਅਸੀਂ ਸਕੂਲ ਵਿੱਚ ਟੀਕਾਕਰਨ ਸੈਸ਼ਨ ਨੂੰ ਪੂਰਾ ਨਹੀਂ ਕਰ ਸਕਦੇ ਹਾਂ ਤਾਂ ਕਿਸੇ ਬਦਲਵੇਂ ਸਥਾਨ ਦੀ ਪੇਸ਼ਕਸ਼ ਕਰਨ ਦੀ ਲੋੜ ਹੋ ਸਕਦੀ ਹੈ। ਸੇਵਾ ਇਹ ਪੱਕਾ ਕਰੇਗੀ ਕਿ ਅਜਿਹਾ ਹੋਣ 'ਤੇ ਤੁਹਾਨੂੰ ਪੂਰੀ ਜਾਣਕਾਰੀ ਦਿੱਤੀ ਜਾਵੇ।

ਜੇ ਪਿਛਲੇ 5 ਸਾਲਾਂ ਵਿੱਚ ਤੁਸੀਂ ਕੋਈ ਟੈਟਨਸ, ਡਿਫਥੀਰੀਆ ਅਤੇ ਪੋਲੀਓ (Td/IPV) ਦਾ ਟੀਕਾ ਲਗਵਾਇਆ ਹੈ, ਤਾਂ ਸ਼ਾਇਦ ਤੁਹਾਨੂੰ ਬਾਅਦ ਦੀ ਮਿਤੀ ਤੱਕ ਇਸ ਟੀਕਾਕਰਨ ਦੀ ਲੋੜ ਨਾ ਹੋਵੇ ਪਰ ਫਿਰ ਵੀ ਮੈਨਿਨਜਾਈਟਿਸ ਟੀਕਾ ਲਗਵਾਉਣ ਦੀ ਲੋੜ ਹੋ ਸਕਦੀ ਹੈ। ਹਰੇਕ ਨੌਜਵਾਨ ਦਾ ਉਸਦੀ ਯੋਗਤਾ ਦੀ ਪੁਸ਼ਟੀ ਕਰਨ ਲਈ ਮੁਲਾਂਕਣ ਕੀਤਾ ਜਾਵੇਗਾ। ਜੇ ਤੁਹਾਡਾ HPV ਟੀਕਾ ਲਗਵਾਉਣ ਦਾ ਵੀ ਸਮਾਂ ਹੋ ਗਿਆ ਹੈ ਤਾਂ ਇਹ ਵੀ ਉਸੇ ਸਮੇਂ 'ਤੇ ਪੇਸ਼ ਕੀਤਾ ਜਾ ਸਕਦਾ ਹੈ ਅਤੇ ਤਿੰਨੋਂ ਟੀਕੇ ਇਕੱਠੇ ਲਗਵਾਉਣਾ ਨੁਕਸਾਨਦੇਹ ਨਹੀਂ ਹੈ।

ਟੀਕਾਕਰਨ ਤੋਂ ਬਾਅਦ ਕਮਿਉਨਿਟੀ ਟੀਕਾਕਰਨ ਸੇਵਾ ਵੱਲੋਂ ਟੀਕਾਕਰਨ ਤੋਂ ਬਾਅਦ ਦੀ ਕੁਝ ਜਾਣਕਾਰੀ ਤੁਹਾਨੂੰ ਈਮੇਲ ਰਾਹੀਂ ਭੇਜੀ ਜਾਏਗੀ ਅਤੇ ਨੌਜਵਾਨ ਦੇ NHS ਸਿਹਤ ਰਿਕਾਰਡ ਵਿੱਚ ਜਾਣਕਾਰੀ ਅੱਪਡੇਟ ਕੀਤੀ ਜਾਏਗੀ।

ਜੇ ਤੁਹਾਡੇ ਕੋਲ ਕੋਈ ਸਵਾਲ ਹਨ ਜਾਂ ਤੁਸੀਂ ਕਿਸੇ ਵਾਧੂ ਸਹਾਇਤਾ ਬਾਰੇ ਚਰਚਾ ਕਰਨੀ ਚਾਹੁੰਦੇ ਹੋ ਜੋ ਟੀਕਾਕਰਨ ਦੌਰਾਨ ਲੋੜੀਂਦੀ ਹੋ ਸਕਦੀ ਹੈ, ਤੁਸੀਂ ਟੀਮ ਨਾਲ ਟੈਲੀਫੋਨ ਰਾਹੀਂ: 0300 300 0007 (ਵਿਕਲਪ 1, ਫਿਰ ਵਿਕਲਪ 4 ਅਤੇ ਫਿਰ ਵਿਕਲਪ 2 ਚੁਣੋ) ਜਾਂ ਈਮੇਲ ਦੁਆਰਾ: communityimms@leicspart.nhs.uk 'ਤੇ ਸੰਪਰਕ ਕਰ ਸਕਦੇ ਹੋ। ਜਿਸ ਦੌਰਾਨ ਅਸੀਂ ਟੀਕਿਆਂ ਦੀ ਪੇਸ਼ਕਸ਼ ਕਰਦੇ ਹਾਂ ਉਸ ਵੇਲੇ ਕਾਲਾਂ ਦੀ ਮਾਤਰਾ ਵਧੇਰੇ ਹੁੰਦੀ ਹੈ ਅਤੇ ਵਿਅਸਤ ਸਮਿਆਂ 'ਤੇ ਤੁਹਾਡੀ ਕਾਲ ਦਾ ਜਵਾਬ ਦੇਣ ਲਈ ਤੁਹਾਨੂੰ ਇੰਤਜ਼ਾਰ ਕਰਨਾ ਪੈ ਸਕਦਾ ਹੈ। ਤੁਸੀਂ ਟੀਮ ਲਈ ਇੱਕ ਵੌਇਸਮੇਲ ਸੁਨੇਹਾ ਛੱਡ ਸਕੋਗੇ ਅਤੇ ਅਸੀਂ ਤੁਹਾਨੂੰ ਵਾਪਸ ਕਾਲ ਕਰਾਂਗੇ।

ਤੁਹਾਡੇ ਵਿਸ਼ਵਾਸਪਾਤਰ,

ਡਾਕਟਰ ਟਿਮ ਡੇਵਿਸ (Tim Davis)
**ਸਕ੍ਰੀਨਿੰਗ ਅਤੇ ਟੀਕਾਕਰਨ ਲਈ ਮੁਖ ਸਲਾਹਕਾਰ**
**NHS ਇੰਗਲੈਂਡ ਅਤੇ NHS ਇਮਪਰੂਵਮੈਂਟ - ਮਿਡਲੈਂਡਸ**

ਸੁਜ਼ਾਨ ਲੇਦਰਲੈਂਡ (Suzanne Leatherland)
**ਟੀਕਾਕਰਨ ਸਰਵਿਸ ਮੈਨੇਜਰ**
**ਲੈਸਟਰਸ਼ਾਇਰ ਪਾਰਟਨਰਸ਼ਿਪ NHS ਟ੍ਰਸਟ**

## ਆਨਲਾਈਨ ਸਹਿਮਤੀ ਫਾਰਮ ਭਰਨ ਬਾਰੇ ਨੋਟ

ਇਸ ਵੈੱਬਸਾਈਟ 'ਤੇ ਜਾਓ: https://www.leicsandrutlandimms.co.uk/Forms/DTP

ਆਪਣਾ ਈਮੇਲ ਪਤਾ ਦਾਖ਼ਲ ਕਰੋ ਅਤੇ ਉਸਦੀ ਪੁਸ਼ਟੀ ਕਰੋ

ਆਪਣਾ ਸਕੂਲ ਕੋਡ ਦਾਖਲ ਕਰੋ: LE120298 ਅਤੇ ਸਕੂਲ ਲੱਭੋ 'ਤੇ ਕਲਿੱਕ ਕਰੋ। ਤੁਹਾਡਾ ਸਕੂਲ ਦਾ ਨਾਮ ਦਿਖਾਈ ਦੇਣਾ ਚਾਹੀਦਾ ਹੈ।

*ਮੁੱਖ ਸੁਝਾਅ:*

- ਸਾਡੇ ਪੇਜ ਨੂੰ ਲੱਭਣ ਲਈ ਤੁਸੀਂ ਆਨਲਾਈਨ ਜਾ ਕੇ “Leicester imms” ਖੋਜ ਵੀ ਕਰ ਸਕਦੇ ਹੋ
- ਇਹ ਪੱਕਾ ਕਰੋ ਕਿ ਈਮੇਲ ਪਤੇ ਮੇਲ ਖਾਂਦੇ ਹਨ ਅਤੇ ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਕੋਈ ਖਾਲੀ ਥਾਂ ਜਾਂ ਵਿਸ਼ਰਾਮ ਚਿੰਨ੍ਹ ਨਹੀਂ ਹਨ।

**ਭਾਗ 1: ਮਰੀਜ਼ ਦੀ ਜਾਣਕਾਰੀ ਅਤੇ ਸੰਪਰਕ ਵੇਰਵੇ**

**ਜੇ ਉਪਲਬਧ ਹੋਵੇ ਤਾਂ ਕਿਰਪਾ ਕਰਕੇ ਆਪਣੇ ਬੱਚੇ ਦਾ NHS ਨੰਬਰ ਸ਼ਾਮਲ ਕਰੋ**
ਜੇ ਤੁਸੀਂ ਕਿਸੇ ਜੀਪੀ ਪ੍ਰੈਕਟਿਸ ਨਾਲ ਰਜਿਸਟਰਡ ਹੋ ਤਾਂ ਤੁਹਾਡੇ ਕੋਲ ਪਹਿਲਾਂ ਹੀ ਇਹ ਨੰਬਰ ਹੋਵੇਗਾ। ਇਹ 10 ਅੰਕਾਂ ਦਾ ਨੰਬਰ ਹੁੰਦਾ ਹੈ ਜੋ ਹਰੇਕ ਵਿਅਕਤੀ ਲਈ ਵਿਲੱਖਣ ਹੈ ਅਤੇ ਉਸਦੇ ਮੈਡੀਕਲ ਕਾਰਡ 'ਤੇ ਮਿਲ ਸਕਦਾ ਹੈ। ਇਹ NHS ਦੇ ਕਿਸੇ ਪੱਤਰ, ਕਿਸੇ ਵੀ ਨੁਸਖ਼ੇ ਅਤੇ ਹਰੇਕ ਬੱਚੇ ਦੀ ਲਾਲ ਕਿਤਾਬ - "ਮੇਰੇ ਨਿੱਜੀ ਬਾਲ ਸਿਹਤ ਰਿਕਾਰਡ" 'ਤੇ ਵੀ ਮਿਲ ਸਕਦਾ ਹੈ।

**ਭਾਗ 2: ਸਹਿਮਤੀ ਘੋਸ਼ਣਾ**

ਫਲੂ ਦੇ ਟੀਕਾਕਰਨ ਲਈ ਸਹਿਮਤੀ ਦੇਣ ਲਈ ਇਸਨੂੰ ਪੂਰਾ ਕਰੋ।

**ਭਾਗ 3: ਮੈਡੀਕਲ ਪਿਛੋਕੜ**

ਟੀਕਾਕਰਨ ਦੇ ਇਤਿਹਾਸ ਅਤੇ ਟੀਕਾਕਰਨ ਦੌਰਾਨ ਲੋੜੀਂਦੀ ਕਿਸੇ ਸਹਾਇਤਾ ਬਾਰੇ ਸਵਾਲ ਪੂਰੇ ਕਰੋ।

**ਨੌਜਵਾਨ ਤੁਹਾਡੀ ਸਹਿਮਤੀ ਦੇ ਬਿਨਾਂ ਇਸ ਟੀਕਾਕਰਨ ਲਈ ਆਪਣੇ ਖੁਦ ਲਈ ਸਹਿਮਤੀ ਦੇ ਸਕਦਾ ਹੈ ਅਤੇ ਸਿਹਤ ਪੇਸ਼ੇਵਰ ਇੱਕ ਸੂਚਿਤ ਫੈਸਲਾ ਲੈਣ ਦੀ ਆਪਣੀ ਦੀ ਯੋਗਤਾ ਦਾ ਮੁਲਾਂਕਣ ਕਰਨਗੇ।**

**ਜਾਣਕਾਰੀ ਨੂੰ ਸਾਂਝਾ ਕਰਨਾ**: ਸਕੂਲ ਵਿਖੇ ਟੀਕਾਕਰਨ ਤੋਂ ਬਾਅਦ, ਇੱਕ ਨੋਟੀਫਿਕੇਸ਼ਨ ਦਿੱਤਾ ਜਾਵੇਗਾ ਅਤੇ ਜਾਣਕਾਰੀ ਤੁਹਾਡੇ ਬੱਚੇ ਦੇ NHS ਸਿਹਤ ਰਿਕਾਰਡ ਵਿੱਚ ਜੋੜ ਦਿੱਤੀ ਜਾਏਗੀ।

**ਸਿਹਤ ਜਾਣਕਾਰੀ ਦੇ ਸੰਬੰਧ ਵਿੱਚ ਹੋਰਨਾਂ ਭਾਸ਼ਾਵਾਂ ਵਿੱਚ ਸਹਾਇਤਾ ਲਈ, ਕਿਰਪਾ ਕਰਕੇ ਦੇਖੋ:**
https://www.nhs.uk/about-us/health-information-in-other-languages/